# ਲੇਬਰ ਵਿਭਾਗ ਦੇ ਨੌਕਰੀ ਕੇਂਦਰ

## Admiralty Job Centre
9/F, High Block, Queensway Government Offices, 66 Queensway,
Hong Kong (Exit C1, Admiralty MTR Station)
**2591 1318**

## North Point Job Centre
12/F, North Point Government Offices, 333 Java Road, North Point,
Hong Kong (Exit C, Quarry Bay MTR Station)
**2114 6868**

## Kowloon East Job Centre
10/F, Kowloon East Government Offices, 12 Lei Yue Mun Road, Kwun Tong,
Kowloon (Exit D4, Kwun Tong MTR Station)
**2342 0486**

## Kowloon West Job Centre
9/F, Cheung Sha Wan Government Offices, 303 Cheung Sha Wan Road,
Kowloon (Exit C1, Shamshuipo MTR Station)
**2150 6397**

## Shatin Job Centre
2/F, Shatin Government Offices, 1 Sheung Wo Che Road, Shatin,
New Territories (Exit B, Shatin MTR Station)
**2158 5553**

## Sheung Shui Job Centre
Units 2001-2006, Level 20, Landmark North, 39 Lung Sum Avenue,
Sheung Shui, New Territories (Exit A4, Sheung Shui MTR Station)
**3692 4532**

## Tseung Kwan O Job Centre
2/F, North Tower, Tseung Kwan O Government Offices,
30 Tong Yin Street, Tseung Kwan O, New Territories
(Exit B1, Tseung Kwan O MTR Station)
**2338 9787**

## Tsuen Wan Job Centre
2/F, Tsuen Wan Government Offices, 38 Sai Lau Kok Road, Tsuen Wan,
New Territories (Exit A, Tsuen Wan MTR Station)
**2417 6197**

## New Territories West Job Centre
G/F, Victory Building, 3 Tsing Min Path, Tuen Mun, New Territories
(Near Light Rail Prime View Station)
**2463 9967**

## Tung Chung Job Centre
Unit 211A, 2/F, Yat Tung Shopping Centre, Yat Tung Estate,
Tung Chung, Lantau Island, New Territories
(Near Yat Tung Estate Bus Terminus)
**3428 2943**

ਇੰਟਰਐਕਟਿਵ ਰੁਜਗਾਰ ਸੇਵਾ ਵੈੱਬਸਾਈਟ

**https://www.jobs.gov.hk**

04/2026




# ਲੇਬਰ ਵਿਭਾਗ ਦੀਆਂ ਆਸਾਨ-ਵਰਤਣ ਵਾਲੀਆਂ ਰੁਜਗਾਰ ਸੇਵਾਵਾਂ






勞 工 處
Labour Department

(Punjabi version)

## ਲੇਬਰ ਵਿਭਾਗ ਦੇ ਨੌਕਰੀ ਕੇਂਦਰ

ਲੇਬਰ ਵਿਭਾਗ ਦੇ ਜੌਬ ਸੈਂਟਰ, ਨੌਕਰੀ ਲੱਭਣ ਵਾਲਿਆਂ ਨੂੰ ਕੰਮ ਲੱਭਣ ਅਤੇ ਰੁਜਗਾਰਦਾਤਾਵਾਂ ਦੀ ਕਰਮਚਾਰੀਆਂ ਦੀ ਭਰਤੀ ਕਰਨ ਵਿੱਚ ਮਦਦ ਕਰਨ ਲਈ ਮੁਫਤ ਅਤੇ ਵਰਤੋਂ ਵਿੱਚ ਆਸਾਨ ਰੁਜਗਾਰ ਸੇਵਾਵਾਂ ਪਰ੍ਦਾਨ ਕਰਦੇ ਹਨ। ਉਹ ਪੂਰੀ ਤਰਹ੍ਾਂ ਕੰਪਿਊਟਰਾਈਜ਼ਡ ਹਨ ਤਾਂ ਜੋ ਉਹ ਕਈ ਤਰਹ੍ਾਂ ਦੀਆਂ ਨੌਕਰੀਆਂ ਜਿਵੇਂ ਕਿ ਮੈਨੇਜਰ, ਸੁਪਰਵਾਈਜ਼ਰ, ਕਲਰਕ, ਲੇਖਾ ਸਹਾਇਕ, ਡਿਲੀਵਰੀ ਕਰਮਚਾਰੀ, ਸੇਲਜ਼ ਅਸਿਸਟੈਂਟ, ਘਰੇਲੂ ਸਹਾਇਕ, ਕਾਰੀਗਰ, ਆਦਿ ਨੂੰ ਸੰਭਾਲ ਸਕਣ; ਅਤੇ ਵੱਖ-ਵੱਖ ਵਿਦਿਅਕ ਅਤੇ ਪੇਸ਼ੇਵਰ ਪਿਛੋਕੜ ਵਾਲੇ ਨੌਕਰੀ ਲੱਭਣ ਵਾਲਿਆਂ ਨੂੰ ਰਜਿਸਟਰ ਕਰ ਸਕਣ।

ਜੌਬ ਸੈਂਟਰ ਨੌਕਰੀ ਲੱਭਣ ਵਾਲਿਆਂ ਨੂੰ ਉਨਹ੍ਾਂ ਦੀ ਨੌਕਰੀ ਦੀ ਭਾਲ ਦੀ ਸਹੂਲਤ ਲਈ ਕਈ ਸਾਧਨ ਪਰ੍ਦਾਨ ਕਰਦੇ ਹਨ। ਨੌਕਰੀ ਲੱਭਣ ਵਾਲੇ ਇੰਟਰਐਕਟਿਵ ਰੁਜਗਾਰ ਸੇਵਾ ਦੇ ਵੱਖ ਵੱਖ ਕਾਰਜਾਂ ਨੂੰ ਐਕਸੇਸ ਕਰਨ ਲਈ ਇੰਟਰਨੈਟ ਫੰਕਸ਼ਨ ਵਾਲੇ ਕੰਪਿਊਟਰ ਦੀ ਵਰਤੋਂ ਕਰ ਸਕਦੇ ਹਨ। ਉਹ ਆਪਣੇ ਰੈਜਿਉਮੇ ਨੂੰ ਤਿਆਰ ਕਰਨ ਲਈ ਰੈਜਿਉਮੇ=ਬਿਲਡਿੰਗ ਸੋਫਟਵੇਅਰ ਵਾਲੇ ਕੰਪਿਊਟਰ ਦੀ ਵਰਤੋਂ ਕਰ ਸਕਦੇ ਹਨ, ਅਤੇ ਨੌਕਰੀ ਕੇਂਦਰਾਂ ਤੇ ਸਥਾਪਤ ਫੈਕਸ ਮਸ਼ੀਨਾਂ ਦੀ ਵਰਤੋਂ ਕਰਦੇ ਹੋਏ ਰੁਜਗਾਰਦਾਤਾਵਾਂ ਨੂੰ ਆਪਣੀਆਂ ਅਰਜ਼ੀਆਂ ਅਤੇ ਰੈਜਿਉਮੇ ਨੂੰ ਫੈਕਸ ਕਰ ਸਕਦੇ ਹਨ। ਉਹ ਆਪਣੀਆਂ ਰੁਜਗਾਰ ਲੋੜਾਂ ਬਾਰੇ ਚਰਚਾ ਕਰਨ, ਲੇਬਰ ਬਾਜ਼ਾਰ ਅਤੇ ਸਿਖਲਾਈ/ਮੁੜ ਸਿਖਲਾਈ ਬਾਰੇ ਜਾਣਕਾਰੀ ਪਰ੍ਾਪਤ ਕਰਨ ਲਈ ਅਤੇ/ਜਾਂ ਉਚਿਤ ਕੈਰੀਅਰ ਯੋਗਤਾ ਮੁਲਾਂਕਣ ਲਈ ਰੁਜਗਾਰ ਕੇਂਦਰਾਂ ਵਿੱਚ ਰੁਜਗਾਰ ਅਧਿਕਾਰੀਆਂ ਨੂੰ ਮਿਲ ਸਕਦੇ ਹਨ।

ਨੌਕਰੀ ਲੱਭਣ ਵਾਲੇ, ਹਾਂਗਕਾਂਗ ਵਿੱਚ ਨਵੇਂ ਆਏ ਜਾਂ ਨਸਲੀ ਘੱਟ ਗਿਣਤੀਆਂ ਸਮੇਤ, ਰੁਜਗਾਰ ਸੰਬੰਧੀ ਵਿਆਪਕ ਜਾਣਕਾਰੀ ਪਰ੍ਾਪਤ ਕਰਨ ਲਈ ਜੌਬ ਸੈਂਟਰ ਵਿੱਚ ਸੰਸਾਧਨ ਕੋਰਨਰ ਤੇ ਜਾ ਸਕਦੇ ਹਨ। ਉਪਰੋਕਤ ਰੁਜਗਾਰ ਸੇਵਾਵਾਂ ਤੋਂ ਇਲਾਵਾ, ਘੱਟ ਗਿਣਤੀਆਂ ਜਾਂ ਹਾਂਗਕਾਂਗ ਵਿੱਚ ਨਵੇਂ ਆਉਣ ਵਾਲਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਨਿਯਮਿਤ ਤੌਰ ਤੇ ਰੁਜਗਾਰ ਬਰ੍ੀਫ਼ਿੰਗ ਵੀ ਕਰਵਾਈ ਜਾਂਦੀ ਹੈ।

## ਖਾਲੀ ਵੈਕੇਂਸੀਆਂ ਦੇ ਪਰ੍ਚਾਰ ਲਈ ਨੈੱਟਵਰਕ

ਰੁਜਗਾਰਦਾਤਾਵਾਂ ਦੁਆਰਾ ਪਰ੍ਦਾਨ ਕੀਤੀਆਂ ਵੈਕੇਂਸੀਆਂ ਨੂੰ ਨੌਕਰੀ ਲੱਭਣ ਵਾਲਿਆਂ ਦੁਆਰਾ ਖੋਜ ਅਤੇ ਅਰਜ਼ੀ ਦੀ ਸਹੂਲਤ ਲਈ ਵੱਖ-ਵੱਖ ਚੈਨਲਾਂ ਰਾਹੀਂ ਵਿਆਪਕ ਤੌਰ ਤੇ ਪਰ੍ਚਾਰਿਆ ਜਾਂਦਾ ਹੈ।

- ਨੌਕਰੀ ਕੇਂਦਰਾਂ ਤੇ ਪਰ੍ਦਰਸ਼ਿਤ ਜੌਬ ਕਾਰਡ;
- ਜੌਬ ਸੇਂਟਰਾਂ ਤੇ "ਜੌਬ ਇਜ਼ੀ" ਟੱਚ-ਸਕਰ੍ੀਨ ਵੈਕੇਂਸੀ ਸਰਚ ਟਰਮੀਨਲ ਸਥਾਪਤ ਕੀਤੇ ਗਏ ਹਨ। "ਜੌਬ ਇਜ਼ੀ" ਦੀ ਵਰਤੋਂ ਕਰਦੇ ਹੋਏ, ਨੌਕਰੀ ਲੱਭਣ ਵਾਲੇ ਸਕਰ੍ੀਨ ਤੇ ਕੁਝ ਟੱਚ ਕਰਨ ਦੇ ਨਾਲ ਨਵੀਨਤਮ ਵੈਕੇਂਸੀ ਦੀ ਜਾਣਕਾਰੀ ਪਰ੍ਾਪਤ ਅਤੇ ਪਿਰ੍ੰਟ ਕਰ ਸਕਦੇ ਹਨ। ਇਹਨਾਂ ਟਰਮੀਨਲਾਂ ਵਿੱਚ ਪਿਰ੍ੰਟਿੰਗ ਫੰਕਸ਼ਨ ਵੀ ਪਰ੍ਦਾਨ ਕੀਤਾ ਗਿਆ ਹੈ;
- ਇੰਟਰਐਕਟਿਵ ਰੁਜਗਾਰ ਸੇਵਾ ਦੀ ਵੈੱਬਸਾਈਟ (https://www.jobs.gov.hk);
- ਵੱਡੇ ਪੈਮਾਨੇ ਤੇ ਨੌਕਰੀ ਮੇਲੇ ਅਤੇ ਜ਼ਿਲਹ੍ਾ ਆਧਾਰਿਤ ਨੌਕਰੀ ਮੇਲੇ, ਅਤੇ
- ਅਖਬਾਰਾਂ ਵਿੱਚ ਇਸ਼ਤਿਹਾਰ

## ਨੌਕਰੀ ਲੱਭਣ ਵਾਲਿਆਂ ਲਈ ਰਜਿਸਟਰ੍ੇਸ਼ਨ ਪਰ੍ਕਿਰ੍ਆ

- ਨੌਕਰੀ ਲੱਭਣ ਵਾਲੇ ਇੰਟਰਐਕਟਿਵ ਰੁਜਗਾਰ ਸੇਵਾ ਦੀ ਵੈੱਬਸਾਈਟ (https://www.jobs.gov.hk) ਰਾਹੀਂ ਆਨਲਾਈਨ ਜਾਂ "ਆਸਾਨ ਰਜਿਸਟਰ੍ੇਸ਼ਨ" ਸੇਵਾ ਦੀ ਵਰਤੋਂ ਕਰਕੇ ਵਿਅਕਤੀਗਤ ਤੌਰ ਤੇ ਕਿਸੇ ਵੀ ਨੌਕਰੀ ਕੇਂਦਰ ਵਿੱਚ ਰਜਿਸਟਰ ਕਰ ਸਕਦੇ ਹਨ। ਪਹਿਲੀ ਵਾਰ ਰਜਿਸਟਰ ਕਰਨ ਵਾਲਿਆਂ ਨੂੰ ਰਜਿਸਟਰ੍ੇਸ਼ਨ ਫਾਰਮ ਭਰਨ ਲਈ ਕੁਝ ਮਿੰਟ ਬਿਤਾਉਣ ਦੀ ਲੋੜ ਹੁੰਦੀ ਹੈ, ਜਿਸ ਤੋਂ ਬਾਅਦ ਉਹ ਅਗਲੇ ਕੰਮਕਾਜੀ ਦਿਨ ਟੈਲੀਫੋਨ ਰੁਜਗਾਰ ਸੇਵਾ ਦੀ ਵਰਤੋਂ ਕਰ ਸਕਦੇ ਹਨ। ਇਸ ਵਿਵਸਥਾ ਨਾਲ ਉਨਹ੍ਾਂ ਦੇ ਜੌਬ ਰੈਫਰਲ ਲਈ ਜੌਬ ਸੈਂਟਰ ਤੇ ਲਾਈਨ ਵਿੱਚ ਖੜਹ੍ੇ ਹੋਣ ਦੇ ਸਮੇਂ ਦੀ ਬੱਚਤ ਹੋਵੇਗੀ।

## ਅਰਧ-ਸਵੈ-ਸਹਾਇਤਾ ਰੁਜਗਾਰ ਸੇਵਾਵਾਂ

- ਨੌਕਰੀ ਲੱਭਣ ਵਾਲੇ ਕਿਸੇ ਵੀ ਨੌਕਰੀ ਕੇਂਦਰ ਤੇ ਜਾ ਸਕਦੇ ਹਨ ਅਤੇ ਢੁਕਵੀਆਂ ਵੈਕੇਂਸੀਆਂ ਦੀ ਚੋਣ ਕਰ ਸਕਦੇ ਹਨ। ਉਹ ਫਿਰ ਕਰਮਚਾਰੀਆਂ ਤੋਂ ਰੈਫਰਲ ਸੇਵਾਵਾਂ ਦੀ ਮੰਗ ਕਰ ਸਕਦੇ ਹਨ;
- ਜਿੱਥੇ ਰੁਜਗਾਰਦਾਤਵਾਂ ਨੇ ਆਪਣੇ ਸੰਪਰਕ ਦੇ ਸਾਧਨਾਂ ਦਾ ਖੁਲਾਸਾ ਕਰਨਾ ਚੁਣੀਆ ਹੈ, ਨੌਕਰੀ ਲੱਭਣ ਵਾਲੇ ਸਿੱਧੇ ਤੌਰ ਤੇ ਨੌਕਰੀਆਂ ਲਈ ਅਰਜ਼ੀ ਦੇ ਸਕਦੇ ਹਨ;
- ਕੁਝ ਖਾਲੀ ਵੈਕੇਂਸੀਆਂ ਨਿੱਜੀ ਰੁਜਗਾਰ ਏਜੇਂਸੀਆਂ ਦੁਆਰਾ ਆਪਣੇ ਮਾਲਕ ਗਾਹਕਾਂ ਦੀ ਤਰਫੋਂ ਪਰ੍ਦਾਨ ਕੀਤੀਆਂ ਜਾਂਦੀਆਂ ਹਨ। ਇਨਹ੍ਾਂ ਵੈਕੇਂਸੀਆਂ ਲਈ ਅਪਲਾਈ ਕਰਨ ਵਾਲੇ ਨੌਕਰੀ ਲੱਭਣ ਵਾਲਿਆਂ ਨੂੰ ਕੋਈ ਫੀਸ ਨਹੀਂ ਦੇਣੀ ਪਵੇਗੀ।

## ਇੰਟਰਐਕਟਿਵ ਰੁਜਗਾਰ ਸੇਵਾ

- ਨੌਕਰੀ ਲੱਭਣ ਵਾਲੇ ਆਨਲਾਈਨ ਰਜਿਸਟਰ ਕਰ ਸਕਦੇ ਹਨ, ਨਵੀਨਤਮ ਵੈਕੇਂਸੀ ਜਾਣਕਾਰੀ ਦੇਖ ਸਕਦੇ ਹਨ ਅਤੇ ਇੰਟਰਐਕਟਿਵ ਇੰਪਲਾਇਮੈਂਟ ਸਰਵਿਸ ਵੈੱਬਸਾਈਟ (https://www.jobs.gov.hk) ਰਾਹੀਂ ਸਧਾਰਨ ਨੌਕਰੀ ਦਾ ਮੇਲ ਕਰ ਸਕਦੇ ਹਨ;
- ਵਿਦਿਅਕ ਯੋਗਤਾ, ਕੰਮ ਦਾ ਤਜਰਬਾ, ਨੌਕਰੀ ਦੇ ਹੁਨਰ, ਨੌਕਰੀ ਦੀਆਂ ਤਰਜੀਹਾਂ ਅਤੇ ਉਮੀਦ ਕੀਤੀ ਤਨਖਾਹ ਸਮੇਤ ਰਜਿਸਟਰਡ ਨੌਕਰੀ ਲੱਭਣ ਵਾਲਿਆਂ ਦਾ ਪਰੋ੍ਫਾਇਲ ਵੈੱਬਸਾਈਟ ਤੇ ਪਰ੍ਦਰਸ਼ਿਤ ਕੀਤਾ ਜਾਵੇਗਾ। ਨਿੱਜੀ ਡੇਟਾ ਜਿਵੇਂ ਕਿ ਨਾਮ, ਆਈਡੀ ਕਾਰਡ ਨੰਬਰ, ਪਤਾ ਅਤੇ ਟੈਲੀਫੋਨ ਨੰਬਰ ਨੂੰ ਉਹਨਾਂ ਦੀ ਗੋਪਨੀਯਤਾ ਦੀ ਰੱਖਿਆ ਲਈ ਲੁਕਾਇਆ ਜਾਵੇਗਾ;
- ਰੁਜਗਾਰਦਾਤਾ ਆਪਣੀਆਂ ਵੈਕੇਂਸੀਆਂ ਨੂੰ ਭਰਨ ਲਈ ਢੁਕਵੇਂ ਉਮੀਦਵਾਰਾਂ ਦੀ ਪਛਾਣ ਕਰਨ ਲਈ ਵਿਸ਼ੇਸ਼ ਤੌਰ ਤੇ ਤਿਆਰ ਕੀਤੇ ਖੋਜ ਇੰਜਨਾਂ ਦੀ ਵਰਤੋਂ ਕਰ ਸਕਦੇ ਹਨ। ਰੁਜਗਾਰਦਾਤਾਵਾਂ ਤੋਂ ਉਮੀਦਵਾਰਾਂ ਦੀ ਸੂਚੀ ਪਰ੍ਾਪਤ ਹੋਣ ਤੇ ਨੌਕਰੀ ਕੇਂਦਰ ਸ਼ਾਰਟਲਿਸਟ ਕੀਤੇ ਗਏ ਨੌਕਰੀ ਲੱਭਣ ਵਾਲਿਆਂ ਨੂੰ ਉਨਹ੍ਾਂ ਕੋਲ ਭੇਜਣ ਦਾ ਪਰ੍ਬੰਧ ਕਰਨਗੇ;
- ਨੌਕਰੀ ਲੱਭਣ ਵਾਲੇ ਆਪਣੇ ਮੋਬਾਈਲ ਤੋਂ ਕਿਸੇ ਵੀ ਸਮੇਂ ਅਤੇ ਕਿਤੇ ਵੀ ਢੁਕਵੀਆਂ ਵੈਕੇਂਸੀਆਂ ਦੀ ਖੋਜ ਕਰਨ ਲਈ ਇੰਟਰਐਕਟਿਵ ਰੁਜਗਾਰ ਸੇਵਾ ਮੋਬਾਈਲ ਐਪਲੀਕੇਸ਼ਨ (iOS ਅਤੇ Android ਦੋਵੇਂ ਸੰਸਕਰਣ ਉਪਲਬਧ) ਦੀ ਵਰਤੋਂ ਕਰ ਸਕਦੇ ਹਨ।

## ਟੈਲੀਫੋਨ ਰੁਜਗਾਰ ਸੇਵਾ ਕੇਂਦਰ

- ਰਜਿਸਟਰਡ ਨੌਕਰੀ ਲੱਭਣ ਵਾਲੇ ਜੋ ਪਰ੍ਾਈਵੇਟ ਸੈਕਟਰ ਵਿੱਚ ਪੋਸਟਾਂ ਲਈ ਅਪਲਾਈ ਕਰਨਾ ਚਾਹੁੰਦੇ ਹਨ, ਪਹਿਲਾਂ ਉਚਿਤ ਵੈਕੇਂਸੀ ਦੀ ਪਛਾਣ ਕਰ ਸਕਦੇ ਹਨ ਅਤੇ ਫਿਰ ਰੈਫਰਲ ਸੇਵਾ ਲਈ ਟੈਲੀਫੋਨ ਰੁਜਗਾਰ ਸੇਵਾ ਹਾਟਲਾਈਨ 2969 0888 ਤੇ ਕਾਲ ਕਰ ਸਕਦੇ ਹਨ;
- ਟੈਲੀਫੋਨ ਰੁਜਗਾਰ ਸੇਵਾ ਕੇਂਦਰ ਦੇ ਪਲੇਸਮੈਂਟ ਅਫਸਰ ਕਾੱਨਫਰ੍ੈਂਸ ਕਾਲਾਂ ਰਾਹੀਂ ਨੌਕਰੀ ਲੱਭਣ ਵਾਲਿਆਂ ਨੂੰ ਰੁਜਗਾਰਦਾਤਾਵਾਂ ਨਾਲ ਜੋੜਨ ਵਿੱਚ ਮਦਦ ਕਰ ਸਕਦੇ ਹਨ, ਅਤੇ ਨੌਕਰੀ ਲਈ ਇੰਟਰਵਿਊ ਦਾ ਪਰ੍ਬੰਧ ਕਰ ਸਕਦੇ ਹਨ।

ਸਾਡੀਆਂ ਰੁਜਗਾਰ ਸੇਵਾਵਾਂ ਦੁਆਰਾ ਪੋਸਟ ਕੀਤੀ ਗਈ ਨੌਕਰੀ ਲਈ ਅਰਜ਼ੀ ਦੇਵ ਵੇਲੇ ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਸਾਡੇ ਸਟਾਫ ਨਾਲ ਸੰਪਰਕ ਕਰੋ।